ਪੰਜਾਬ ਸਰਕਾਰ
ਸਥਾਨਕ ਸਰਕਾਰ, ਵਿਭਾਗ
(ਲੇਖਾ ਸਾਖਾ)

MUNICIPAL CORPORATION * PATHANKOT * 964 12/7/16

ਸੇਵਾ ਵਿਖੇ,

ਕਮਿਸਨਰ,
ਨਗਰ ਨਿਗਮ, ਪਠਾਨਕੋਟ।
ਨੰ: ਲੇਖਾਕਾਰ-6-ਉਕਵਲ-ਡਸਸ-(ਨਿਗਮ/454/61)-16/31708
ਮਿਤੀ: 5-7-16

ਵਿਸ਼ਾ:- **ਨਗਰ ਨਿਗਮ, ਪਠਾਨਕੋਟ ਦਾ ਬਜਟ ਸਾਲ 2016-17 ਸਬੰਧੀ।**

*********

ਉਪਰੋਕਤ ਵਿਸੇ ਦੇ ਹਵਾਲੇ ਵਿੱਚ।

2. ਪੰਜਾਬ ਨਗਰ ਨਿਗਮ ਐਕਟ, 1976 ਦੇ ਨਿਯਮ 87 (2) ਅਤੇ 86 (1) ਅਧੀਨ ਨਗਰ ਨਿਗਮ, ਪਠਾਨਕੋਟ ਦਾ ਬਜਟ ਅਨੁਮਾਨ ਸਾਲ 2016-17 ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਵਧੀਕ ਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ ਵੱਲੋਂ ਪ੍ਰਵਾਨ ਕੀਤਾ ਜਾਂਦਾ ਹੈ :-

ਬਜਟ ਐਸਟੀਮੇਟ (2016-17) (ਰਕਮ ਲੱਖਾਂ ਵਿੱਚ)

| ਆਮਦਨ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2016 ਨੂੰ ਮੁੱਢਲਾ ਬਕਾਇਆ | 19.10 |
| ਸਾਲ 2016-17 ਲਈ ਆਮਦਨ | 3952.00 |
| ਕੁਲ | **3971.10** |
| ਖਰਚਾ | |
| ੳ) **ਅਮਲਾ**- (ਸਮੇਤ ਤਨਖਾਹਾਂ, ਏਰੀਅਰ, ਪੈਨਸਨ ਕੰਟਰੀਬਿਊਸ਼ਨ ਰਿਟਾਇਰਮੈਂਟ ਲਾਭ, ਮੈਡੀਕਲ ਰਿੰਬਰਸਮੈਂਟ ਅਤੇ ਟੀ.ਏ/ਐਲ.ਟੀ.ਸੀ ਆਦਿ | 2500.00 |
| ਅ) ਕੰਟੀਜੈਸੀ: | 130.00 |
| ੲ) **ਵਿਕਾਸ ਦੇ ਕੰਮਾਂ ਲਈ** ਕਮਿਟਡ : 730.00<br>ਨਾਨ ਕਮਿਟਡ : 566.00 | 1296.00 |
| ਸ) ਹੋਰ ਦੇਣਦਾਰੀਆਂ (**Pending old liabilities**) | 26.00 |
| ਕੁਲ | **3952.00** |
| ਮਿਤੀ 31/3/2017 ਲਈ ਅੰਤਿਮ ਬਕਾਇਆ | 19.10 |
| ਕੁਲ | **3971.10** |

**ਆਮਦਨ:-** ਇਸ ਮੱਦ ਅਧੀਨ ਸਾਲ 2016-17 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ 3952.00 ਲੱਖ ਪ੍ਰਵਾਨ ਕੀਤੀ ਜਾਂਦੀ ਹੈ। :-

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਹਾਊਸ ਟੈਕਸ/ਪ੍ਰਾਪਰਟੀ ਟੈਕਸ | 275.00 |
| ਰੈਂਟ/ਲੀਜ ਫੀਸ/ਕਿਰਾਇਆ | 59.00 |
| ਬਿਜਲੀ ਤੋਂ ਚੂੰਗੀ | 250.00 |
| ਸੀਵਰੇਜ | 250.00 |
| ਬਿਲਡਿੰਗ ਐਪਲੀਕੇਸ਼ਨ | 201.20 |
| ਵਿਗਿਆਪਨ | 42.16 |
| ਅਕਸਾਈਜ ਡਿਊਟੀ | 150.00 |
| ਲਾਇਸੰਸ ਫੀਸ/ਫੀਸਾਂ/ਟੈਕਸ | 37.94 |
| ਭੌਂ ਦੀ ਵੇਚ | 240.00 |
| ਹੋਰ ਸਾਧਨਾਂ ਤੋਂ ਆਮਦਨ | 2182.70 |
| ਵਾਟਰ ਸਪਲਾਈ | 264.00 |
| ਕੁੱਲ | **3952.00** |

**ਖਰਚਾ: ਅਮਲਾ:** ਇਸ ਮੱਦ ਅਧੀਨ ਨਗਰ ਨਿਗਮ, ਪਠਾਨਕੋਟ ਨੂੰ ਖਾਲੀ ਆਸਾਮੀਆਂ ਦਾ ਖਰਚਾ ਪ੍ਰਵਾਨ ਕੀਤਾ ਜਾਂਦਾ। ਤਨਖਾਹਾਂ / ਰਿਟਾਇਰਮੈਂਟ ਬੈਨੀਫਿਟ / ਪੈਨਸ਼ਨ ਕੰਟਰੀਬਿਉਸ਼ਨ ਅਦਾ ਕਰਨ ਲਈ 2500.00 ਰੁਪਏ ਦਾ ਬਜਟ ਪ੍ਰਵਾਨ ਕੀਤਾ ਜਾਂਦਾ ਹੈ। ਨਗਰ ਨਿਗਮ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਹੈਡ ਅਧੀ ਖਰਚਾ ਪ੍ਰਵਾਨਤ ਬਜਟ ਤੋਂ ਵੱਧ ਨਾ ਕੀਤਾ ਜਾਵੇ ਅਤੇ ਕੋਈ ਵੀ ਅਸਾਮੀ ਬਿਨਾਂ ਪੂਰਵ ਪ੍ਰਵਾਨਗੀ ਦੇ ਨਾ ਭਰੀ ਜਾਵੇ।

**ਕੰਟੀਜੈਂਸੀ:-** ਇਸ ਮੱਦ ਅਧੀਨ ਸਾਲ 2016-17 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚ 130.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਸਟੇਸ਼ਨਰੀ | 6.00 |
| ਬਿਜਲੀ ਬਿਲ | 9.00 |
| ਪੈਟਰੌਲ, ਡੀਜਲ /ਓ ਐਂਡ ਐਮ | 79.00 |
| ਟੈਲੀਫੋਨ | 2.20 |
| ਕੰਪਿਊਟਰ ਦੀ ਖਰੀਦ | 4.40 |
| ਵਰਦੀਆਂ | 5.50 |
| ਇਲੈਕਸ਼ਨ ਖਰਚਾ | 4.40 |
| ਹੋਰ ਫੁਟਕਲ | 19.50 |
| **ਕੁਲ ਜੋੜ** | **130.00** |

**ਵਿਕਾਸ:-** ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ (ਕਮਿਟਡ 730.00 ਲੱਖ ਅਤੇ ਨਾਨ ਕਮਿਟਡ 566.00 ਲੱਖ) ਦਾ ਕੁਲ ਖਰਚਾ 1296.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ (ਕਮਿਟਡ) | ਵਿਭਾਗ ਦੀ ਪ੍ਰਵਾਨਗੀ |
|---|---|
| ਟਿਊਬਵੈਲ ਦੇ ਬਿਲ | 400.00 |
| ਕਰਜਿਆਂ ਦੀ ਅਦਾਇਗੀ | 10.00 |
| ਸਟਰੀਟ ਲਾਈਟ ਦੇ ਬਿਲ | 200.00 |
| ਬਿਜਲੀ ਦਾ ਰੱਖ ਰਖਾਵ | 20.00 |
| ਵ/ਸ ਦਾ ਰੱਖ ਰਖਾਵ | 40.00 |
| ਅਦਰਜ | 60.00 |
| **ਕੁਲ ਜੋੜ** | **730.00** |
| **ਨਾਨ ਕਮਿਟਡ** | |
| ਸੜਕਾਂ /ਰਿਪੇਅਰ | 70.00 |
| ਨਾਲੀਆਂ /ਰਿਪੇਅਰ | 70.00 |
| ਗਲੀਆਂ ਰਿਪੇਅਰ | 40.00 |
| ਨਵੀਂ ਸੀਵਰੇਜ | 70.00 |
| ਸਲਮੱਜ ਲਈ | 20.00 |
| ਮਸੀਨਰੀ ਲਈ | 20.00 |
| ਨਵੀਂ ਸਟਰਿਟ ਲਾਈਟ | 30.00 |
| ਅਦਰਜ | 226.00 |
| ਸਫਾਈ ਦੇ ਕੰਮ ਠੇਕਾ | 20.00 |
| **ਕੁੱਲ** | **566.00** |

ਨੋਟ :- ਡਿਸਕਸਨ ਅਨੁਸਾਰ ਆਪ ਵੱਲੋਂ ਇਸ ਹੈਡ ਅਧੀਨ ਕੀਤੀ ਗਈ ਪ੍ਰਵਾਨਤ ਬਜਟ ਨਾਲੋਂ 26.00 ਲੱਖ ਦੇ ਵਾਧੂ ਬਜਟ ਦੀ ਮੰਗ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਜੋ ਆਪ ਨਿਗਮ ਦੀਆਂ ਪੁਰਾਣੀਆਂ ਲੰਬਿਤ ਦੇਣਦਾਰੀਆਂ ਦਾ ਨਿਪਟਾਰਾ ਕੀਤਾ ਜਾ ਸਕੇ।

ਮਿਤੀ 31/3/2017 ਲਈ ਅੰਤਮ ਬਕਾਇਆ ਰੁਪਏ 19.10 ਲੱਖ ਰੁਪਏ ਨਿਸ਼ਚਿਤ ਕੀਤਾ ਗਿਆ ਹੈ।

**ਕਮਿਸ਼ਨਰ, ਨਗਰ ਨਿਗਮ, ਪਠਾਨਕੋਟ** ਨੂੰ ਲਿਖਿਆ ਜਾਂਦਾ ਹੈ ਕਿ ਸਾਲ 2016-17 ਲਈ ਨਿਸਚਿਤ ਕੀਤੀ ਗਈ ਆਮਦਨ ਦੇ ਟੀਚੇ ਨੂੰ ਹਰ ਹਾਲਤ ਵਿੱਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ

ਸ਼ਰਤਾਂ:-

1. ਸਾਲ 2016-17 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਨਗਰ ਨਿਗਮ ਦੇ ਕਮਿਸ਼ਨਰ, ਮੇਅਰ ਅਤੇ ਕਾਰਜ ਸਾਧਕ ਅਫਸਰ ਦੀ ਸਾਂਝੀ ਜ਼ੁੰਮੇਵਾਰੀ ਹੋਵੇਗੀ ।
2. ਨਗਰ ਨਿਗਮ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ ।
3. ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ।
4. ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ ।
5. ਕੋਈ ਨਵੀਂ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਭਰੀ ਜਾਵੇ ।
6. ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ ।
7. ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ ।
8. ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸੇਸ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ।
9. ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿੱਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ ।
10. ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਨਿਗਮ ਦੀ ਕੁਲ ਆਮਦਨ ਦਾ 1% ਦੀ ਰਾਸੀ ਦਾ ਉਪਬੰਧ ਕੀਤਾ ਜਾਂਦਾ ਹੈ ।
11. **ਵਿਕਾਸ** : ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ। ਹਰ ਹਾਲਤ ਵਿੱਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾਂ ਅਤੇ ਮਿਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ । ਗਰਾਂਟ ਦਾਂ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ । ਨਿਗਮ ਵੱਲੋਂ ਹਰ ਸਾਲ ਅਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ । ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿੱਚ ਕੀਤਾ ਜਾਵੇ ।
12. ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ ।
13. ਸਾਲ 2016-17 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ ।
14. ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ, ਜੀ.ਪੀ.ਫੰਡ ਦੀ ਅਦਾਇਗੀ, ਪੈਨਸਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ.ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ ।
15. ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸਾ-ਨਿਰਦੇਸਾਂ ਦੀ ਪਾਲਣਾ ਕੀਤੀ ਜਾਵੇ ।
16. ਸਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ ।
17. ਸਾਲ 2016-17 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਨਿਗਮ ਦੇ ਵਿਕਾਸ ਦੇ ਫੰਡ ਵਿੱਚੋਂ ਸਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।
18. ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜੇਸਨ ਕਰਨ ਲਈ ਬਜਟ ਦੇ ਫੰਡਾਂ ਵਿੱਚੋਂ ਆਪ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬਰਾਂਚਾਂ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸਨ ਹਰ ਹਾਲਤ ਵਿੱਚ ਕੀਤੀ ਜਾਵੇ ।
19. ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)